*Prospectus*

# ਸਰਕਾਰੀ ਕਾਲਜ ਜ਼ੀਰਾ

# GOVT. COLLEGE ZIRA

**DISTT. FEROZEPUR**



E-mail : gcz.fzr@gmail.com



# ਵਿਸ਼ਾ ਸੂਚੀ


| ਕ੍ਰਮਾਂਕ | ਵਿਸ਼ਾ | ਪੰਨਾ ਨੰ: |
|---|---|---|
| 1 | ਅਕੈਡਮਿਕ ਕੈਲੰਡਰ 2023-24 | 02 |
| 2 | ਕਾਲਜ ਕੈਲੰਡਰ | 02 |
| 3 | ਕਾਲਜ ਫੈਕਲਟੀ | 03 |
| 4 | ਦਾਖਲੇ ਲਈ ਨਿਯਮ | 04 |
| 5 | ਦਾਖਲੇ ਸੰਬੰਧੀ ਜਾਣਕਾਰੀ | 05, 06 |
| 6 | ਅਤਿ ਜ਼ਰੂਰੀ ਸੂਚਨਾ ਅਤੇ ਰਾਖਵੀਂਆਂ ਸੀਟਾਂ | 07 |
| 7 | ਵਿਸ਼ਿਆਂ ਦੀ ਚੋਣ | 08 |
| 8 | ਛੁੱਟੀਆਂ ਬਾਰੇ ਨਿਯਮ ਅਤੇ ਖੇਡ ਸਮਾਰੋਹ | 09 |
| 9 | ਲਾਇਬਰੇਰੀ | 10 |
| 10 | ਅਨੁਸ਼ਾਸਨ ਸੰਬੰਧੀ ਵਿਸ਼ੇਸ਼ ਹਿਦਾਇਤਾਂ | 11 |
| 11 | ਵਜ਼ੀਫੇ ਬਾਰੇ | 12 |
| 12 | ਟਿਊਟੋਰੀਅਲ ਗਰੁੱਪ, ਮਾਪੇ ਅਧਿਆਪਕ ਐਸੋਸੀਏਸ਼ਨ | 13 |
| 13 | ਫੁੱਟਕਲ ਜਾਣਕਾਰੀ | 14 |
| 14 | ਐਲੂਮਨੀ | |
| 15 | | |
| 16 | | |

## ਦਾਖਲੇ ਦਾ ਮਿਤੀ-ਬੱਧ ਪ੍ਰੋਗਰਾਮ

### ਬੀ.ਏ. ਭਾਗ ਪਹਿਲਾ ਲਈ

### ਕਾਲਜ ਮਿਤੀ 15.07.2023 ਤੋਂ ਆਮ ਦਾਖਲੇ ਲਈ ਖੁੱਲੇਗਾ ।

| | |
|---|---|
| * ਆਮ ਦਾਖਲਾ ਆਨਲਾਈਨ ਰਜਿਸਟ੍ਰੇਸ਼ਨ | 15.05.2023 ਤੋਂ 25.06.2023 |
| * ਫੀਸ ਭਰਨ ਦਾ ਸਮਾਂ | 10.07.2023 ਤੋਂ 15.07.2023 |
| * ਲੇਟ ਫੀਸ ਨਾਲ ਦਾਖਲਾ (ਪ੍ਰਿੰਸੀਪਲ ਦੀ ਆਗਿਆ ਸਮੇਤ 1000/- ਰੁ: ਲੇਟ ਫੀਸ) | 16.07.2023 ਤੋਂ 10.08.2023 |
| * ਲੇਟ ਦਾਖਲਾ ਵਾਈਸ ਚਾਂਸਲਰ ਦੀ ਇਜਾਜ਼ਤ ਦੇ ਨਾਲ (3000/- ਰੁ: ਲੇਟ ਫੀਸ) | 11.08.2023 ਤੋਂ 31.08.2023 (21 ਦਿਨ) |

### ਬੀ.ਏ. ਭਾਗ ਦੂਜਾ ਅਤੇ ਤੀਜਾ ਲਈ ਫੀਸ ਭਰਨ ਦਾ ਸਮਾਂ

*10.07.2023 ਤੋਂ 20.07.2023

1000/- ਲੇਟ ਫੀਸ ਨਾਲ 21.07.2023 ਤੋਂ 10.08.2023 ਤੱਕ

3000/- ਲੇਟ ਫੀਸ ਨਾਲ 11.08.2023 ਤੋਂ 31.08.2023 ਤੱਕ

## ਕਾਲਜ ਕੈਲੰਡਰ

| | |
|---|---|
| * ਪੜ੍ਹਾਈ ਦਾ ਪਹਿਲਾ ਪੜ੍ਹਾਅ | 21.07-2023 ਤੋਂ 18.11.2023 (104 ਦਿਨ) |
| *ਪਹਿਲੇ, ਤੀਜੇ, ਪੰਜਵੇਂ ਸਮੈਸਟਰ ਦੇ ਇਮਤਿਹਾਨਾਂ ਦੀਆਂ ਮਿਤੀਆਂ | 27-11-2023 ਤੋਂ 30-12-2023 (30 ਦਿਨ) |
| *ਸਰਦੀਆਂ ਦੀਆਂ ਛੁੱਟੀਆਂ | 26.12.2023 ਤੋਂ 08.01.2024 (14 ਦਿਨ) |
| *ਪੜ੍ਹਾਈ ਦਾ ਦੂਸਰਾ ਪੜ੍ਹਾਅ | 09.01.2024 ਤੋਂ 22.04.2024 (90 ਦਿਨ) |
| ਸਮੈਸਟਰ ਪ੍ਰੀਖਿਆਵਾਂ | 02-05-2024 05-06-2023 ਤੱਕ (30 ਦਿਨ) |
| ਗਰਮੀਆਂ ਦੀਆਂ ਛੁੱਟੀਆਂ | 30-05-2024 ਤੋਂ 08-07-2024 ਤੱਕ (40 ਦਿਨ) |
| ਕੁੱਲ ਵਿਦਿੱਅਕ ਦਿਨ ਪਹਿਲੀ ਅਤੇ ਦੂਸਰੀ ਟਰਮ | |

ਪ੍ਰਿੰਸੀਪਲ

## ਡਾ: ਤੀਰਥ ਰਾਮ ਬਸਰਾ

## ਅਧਿਆਪਨ-ਸਟਾਫ

***ਅੰਗਰੇਜ਼ੀ ਵਿਭਾਗ**

1. ਖਾਲੀ (ਕਲੱਸਟਰ ਡਿਊਟੀ)
2. ਖਾਲੀ (ਕਲੱਸਟਰ ਡਿਊਟੀ)

***ਸਰੀਰਕ ਸਿੱਖਿਆ ਵਿਭਾਗ**

*1 ਖਾਲੀ (ਕਲੱਸਟਰ ਡਿਊਟੀ)

***ਪੰਜਾਬੀ ਵਿਭਾਗ**

*1. ਸ੍ਰੀ ਪਵਿੱਤਰ ਸਿੰਘ (87289-00710)

*2. ਸ੍ਰੀ ਕੁਲਵੰਤ ਸਿੰਘ (95011-53862)

*3. ਖਾਲੀ

***ਭੂਗੋਲ ਵਿਭਾਗ**

*1. ਸ੍ਰੀ ਵੇਦ ਪ੍ਰਕਾਸ਼ (94632-95878)

***ਰਾਜਨੀਤੀ ਸ਼ਾਸਤਰ ਵਿਭਾਗ**

*1. ਸ੍ਰੀ ਸਤਵਿੰਦਰਪਾਲ ਸਿੰਘ ਗਿੱਲ (94634-29308)

***ਇਤਿਹਾਸ ਵਿਭਾਗ**

*1 ਸ੍ਰੀ ਗੁਰਵਿੰਦਰ ਸਿੰਘ ਸੰਧੂ (98146-84173)

***ਹਿੰਦੀ ਵਿਭਾਗ**

*1. ਪੂਜਾ (75083-98156)

***ਅਰਥ ਸ਼ਾਸਤਰ ਵਿਭਾਗ**

*1. ਪੂਨਮ ਬਾਲਾ (76528-26928)

***ਕੰਪਿਊਟਰ ਸਾਇੰਸ ਵਿਭਾਗ**

*1. ਸ੍ਰੀ ਜਸ਼ਨਪ੍ਰੀਤ ਸਿੰਘ (95920-39300)

*ਇਹਨਾਂ ਥਾਵਾਂ ਤੇ ਗੈਸਟ ਫੈਕਲਟੀ ਲੈਕਚਰਾਰ ਕੰਮ ਕਰ ਰਹੇ ਹਨ ।

## ਗੈਰ-ਅਧਿਆਪਨ-ਸਟਾਫ

**ਦਫ਼ਤਰੀ ਅਮਲਾ** (Office Staff)

1. ਸੁਪਰਡੈਂਟ (ਖਾਲੀ)
2. ਸ: ਲਖਵਿੰਦਰ ਸਿੰਘ ਗਿੱਲ (ਸਟੈਨੋ-ਟਾਈਪਿਸਟ)

1. ਸੁਖਜੀਤ ਕੌਰ ਕਲਰਕ
2. ਸ਼੍ਰੀ ਰੋਹਿਤ ਕੁਮਾਰ ਕਲਰਕ
3. ਕਲਰਕ (ਖਾਲੀ)

1. ਲਾਇਬ੍ਰੇਰੀਅਨ (ਖਾਲੀ)
2. ਸ: ਹਰਬੰਸ ਸਿੰਘ (ਲਾਇਬ੍ਰੇਰੀ ਰਿਸਟੋਰਰ)
3. ਸੀਨੀ: ਲੈਕਚਰ: ਅਸਿਸਟੈਂਟ (ਖਾਲੀ)
4. ਜੇ.ਐਲ.ਏ. (ਖਾਲੀ)
5. ਐਲ.ਏ. (ਖਾਲੀ)

**ਦਰਜਾ ਚਾਰ ਸਟਾਫ** (Class IV Staff)

1. ਸ: ਬਾਜ ਸਿੰਘ (ਮਾਲੀ)
2. ਸ੍ਰੀ ਵਿਜੈ ਪਾਲ (ਬੇਲਦਾਰ)
3. ਸ: ਸੰਦੀਪ ਸਿੰਘ (ਸੇਵਾਦਾਰ)
4. ਸ਼੍ਰੀ ਸ਼ਿਵਰਾਜ (ਸਫਾਈ ਸੇਵਕ)
5. ਬੇਲਦਾਰ (ਖਾਲੀ)
6. ਮਾਲੀ (ਖਾਲੀ)
7. ਚੌਂਕੀਦਾਰ (ਖਾਲੀ)
8. ਵਾਟਰਮੈਨ (ਖਾਲੀ)
9. ਸਵੀਪਰ (ਖਾਲੀ)

# ਦਾਖਲੇ ਲਈ ਨਿਯਮ

1. ਦਾਖਲਾ ਕੇਵਲ ਮੈਰਿਟ ਦੇ ਅਧਾਰ ਤੇ ਕੀਤਾ ਜਾਵੇਗਾ। ਇਹ ਮੈਰਿਟ ਹੇਠਲੀ ਜਮਾਤ ਵਿੱਚੋਂ ਪ੍ਰਾਪਤ ਕੀਤੇ ਗਏ ਅੰਕਾਂ ਦੇ ਅਧਾਰ ਤੇ ਨਿਰਧਾਰਿਤ ਕੀਤੀ ਜਾਵੇਗੀ।
2. ਬਾਹਰਲੀਆਂ ਸੰਸਥਾਵਾਂ ਦੇ ਫੇਲ੍ਹ ਅਤੇ ਕੰਪਾਰਟਮੈਂਟ ਕੇਸਾਂ ਵਾਲੇ ਵਿਦਿਆਰਥੀਆਂ ਦੇ ਕੰਪਾਰਟਮੈਂਟ ਵਿਸ਼ੇ ਵਿੱਚ 20% ਅੰਕ ਹੋਣੇ ਲਾਜ਼ਮੀ ਹਨ।
3. ਦਾਖਲਾ ਫਾਰਮ ਨਾਲ ਹੇਠ ਲਿਖੇ ਦਸਤਾਵੇਜਾਂ ਦੀਆਂ ਫੋਟੋ ਸਟੇਟ ਕਾਪੀਆਂ ਨੱਥੀ ਹੋਣੀਆਂ ਜ਼ਰੂਰੀ ਹਨ।
   (ੳ) ਜਨਮ ਮਿਤੀ ਦਾ ਸਰਟੀਫਿਕੇਟ
   (ਅ) ਹੇਠਲੀਆਂ ਜਮਾਤਾਂ ਦੇ ਨਤੀਜੇ ਕਾਰਡ।
   (ੲ) ਪਿਛਲੀ ਸੰਸਥਾ ਦੇ ਮੁਖੀ ਵੱਲੋਂ ਚਾਲ-ਚਲਣ ਦਾ ਸਰਟੀਫਿਕੇਟ।
   (ਸ) ਰਾਖਵੀਂ ਸ਼੍ਰੇਣੀ ਦਾ ਸਰਟੀਫਿਕੇਟ
   (ਹ) ਯੋਗਤਾ ਸਰਟੀਫਿਕੇਟ (ਬਾਹਰਲੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਲਈ)
   (ਕ) ਆਧਾਰ ਕਾਰਡ ਨੰਬਰ ਸਾਰੇ ਵਿਦਿਆਰਥੀਆਂ ਲਈ ਜਰੂਰੀ ਹੈ।
   (ਖ) ਚਾਰ ਪਾਸਪੋਰਟ ਸਾਈਜ਼ ਤਾਜਾ ਖਿਚਵਾਈਆਂ ਫੋਟੋਆਂ।
   (ਗ) ਵਿਦਿਆਰਥੀਆਂ ਲਈ ਜਰੂਰੀ ਹੈ ਕਿ ਉਹਨਾਂ ਦਾ ਬੈਂਕ ਖਾਤਾ ਨੰ: ਜੋ ਕਿ ਆਧਾਰ ਕਾਰਡ ਨਾਲ ਜੁੜਿਆ ਹੋਵੇ ਅਤੇ ਉਸਦੀ ਫੋਟੋ ਸਟੇਟ ਕਾਪੀ (ਕੇਵਲ ਐਸ.ਸੀ./ਬੀ.ਸੀ ਅਤੇ ਘੱਟ ਗਿਣਤੀਆਂ ਵਿਦਿਆਰਥੀਆਂ ਲਈ)
   (ਘ) ਜਿਸ ਬੈਂਕ ਵਿੱਚ ਵਿਦਿਆਰਥੀ ਦਾ ਖਾਤਾ ਹੈ, ਉਸ ਬੈਂਕ ਦਾ ਆਈ.ਐਫ.ਐਸ.ਸੀ. ਕੋਡ ਵਿਦਿਆਰਥੀ ਦੇ ਅਧਾਰ ਕਾਰਡ ਦੀ ਫੋਟੋ ਸਟੇਟ ਕਾਪੀ।
   * ਅਨੂਸੂਚਿਤ ਜਾਤੀ, ਪੱਛੜੀ ਸ਼੍ਰੇਣੀ ਅਤੇ ਘੱਟ ਗਿਣਤੀਆਂ ਦੇ ਵਿਦਿਆਰਥੀਆਂ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੇ ਖਾਤਾ ਨੰ: ਨੂੰ ਅਧਾਰ ਕਾਰਡ ਨਾਲ ਜੋੜਨ ਤਾਂ ਕਿ ਵਜੀਫਾ ਮਿਲ ਸਕੇ।
4. ਅਧੂਰੇ ਜਾਂ ਲੋੜੀਂਦੇ ਸਰਟੀਫਿਕੇਟ ਦੀਆਂ ਫੋਟੋ ਸਟੇਟ ਕਾਪੀਆਂ ਤੋਂ ਬਿਨ੍ਹਾਂ ਜਾਂ ਆਖਰੀ ਮਿਤੀ ਤੋਂ ਪਿੱਛੋਂ ਪਹੁੰਚਣ ਵਾਲੇ ਫਾਰਮ ਰੱਦ ਸਮਝੇ ਜਾਣਗੇ।
5. ਦਾਖਲਾ ਚਾਹੁਣ ਵਾਲੇ ਉਮੀਦਵਾਰਾਂ ਨੂੰ ਇੰਟਰਵਿਊ ਸਮੇਂ ਆਪਣੇ ਅਸਲ ਸਰਟੀਫਿਕੇਟਾਂ ਸਮੇਤ ਆਪ ਹਾਜਰ ਹੋਣਾ ਪਵੇਗਾ।
6. ਦਾਖਲ ਹੋਣ ਵਾਲੇ ਵਿਦਿਆਰਥੀਆਂ ਲਈ ਜਰੂਰੀ ਹੋਵੇਗਾ ਕਿ ਉਹ ਆਪਣਾ ਸ਼ਨਾਖਤੀ ਕਾਰਡ ਬਣਾ ਕੇ ਆਪਣੇ ਕੋਲ ਰੱਖਣ ਕਾਲਜ ਵਿੱਚ ਕਿਸੇ ਵੀ ਵਕਤ ਉਹਨਾਂ ਨੂੰ ਕਾਰਡ ਦਿਖਾਉਣ ਲਈ ਕਿਹਾ ਜਾ ਸਕਦਾ ਹੈ।
7. ਪ੍ਰਿੰਸੀਪਲ, ਪੰਜਾਬ ਯੂਨੀਵਰਸਿਟੀ ਜਾਂ ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਕਿਸੇ ਵੀ ਨਿਯਮ ਨੂੰ ਬਦਲਿਆ ਜਾ ਸਕਦਾ ਹੈ।
8. ਦਾਖਲੇ/ਇੰਟਰਵਿਊ ਸੰਬੰਧੀ ਕੋਈ ਵੀ ਸੂਚਨਾ ਕੇਵਲ ਕਾਲਜ ਦੇ ਨੋਟਿਸ ਬੋਰਡ ਤੇ ਹੀ ਲਗਾਈ ਜਾਵੇਗੀ, ਇਸ ਬਾਰੇ ਡਾਕ ਰਾਹੀਂ ਸੂਚਨਾ ਨਹੀਂ ਦਿੱਤੀ ਜਾਵੇਗੀ।
9. ਕਾਲਜ ਪ੍ਰਾਸਪੈਕਟਸ ਕੋਈ ਕਾਨੂੰਨੀ ਦਸਤਾਵੇਜ ਨਹੀਂ ਹੈ। ਪੰਜਾਬ ਸਰਕਾਰ, ਪੰਜਾਬ ਯੂਨੀਵਰਸਿਟੀ ਜਾਂ ਪ੍ਰਿੰਸੀਪਲ ਦੀ ਆਗਿਆ ਅਨੁਸਾਰ ਕਿਸੇ ਵੀ ਨਿਯਮ ਨੂੰ ਬਦਲਿਆ ਜਾ ਸਕਦਾ ਹੈ।
10. ਐਸ.ਸੀ. ਵਿਦਿਆਰਥੀ ਵਜ਼ੀਫ਼ਾ ਲੈਣ ਲਈ 250000/- ਅਤੇ ਪੱਛੜੀ ਸ਼੍ਰੇਣੀ 100000/- ਤੋਂ ਘੱਟ ਆਮਦਨ ਦਾ ਐਫੀਡੇਵਿਟ ਦੇਣਗੇ।
11. ਬਾਹਰਲੀਆਂ ਯੂਨੀਵਰਸਿਟੀਆਂ ਦੇ ਲੇਟ ਨਤੀਜੇ ਵਾਲੇ ਵਿਦਿਆਰਥੀਆਂ ਨੂੰ ਅਗਲੀ ਕਲਾਸ ਵਿੱਚ ਦਾਖਲ ਨਹੀਂ ਕੀਤਾ ਜਾਵੇਗਾ ਪਰ ਪੰਜਾਬ ਯੂਨੀਵਰਸਿਟੀ ਨਾਲ ਜੁੜਿਆ ਇਸ ਕਾਲਜ ਦਾ ਵਿਦਿਆਰਥੀ ਨਤੀਜੇ ਨਿਕਲਣ ਦੇ 10 ਕੰਮਕਾਜੀ ਦਿਨਾਂ ਦੇ ਅੰਦਰ ਅੰਦਰ ਬਿਨ੍ਹਾਂ ਲੇਟ ਫੀਸ ਤੋਂ ਦਾਖਲਾ ਲੈ ਸਕਦਾ ਹੈ। ਇਸ ਤੋਂ ਬਾਅਦ ਉਸਦੇ ਕੇਸ ਤੇ ਵਿਚਾਰ ਨਹੀਂ ਕੀਤਾ ਜਾਵੇਗਾ।
12. ਤੀਸਰੇ ਜਾਂ ਪੰਜਵੇਂ ਸਮੈਸਟਰ ਵਿੱਚ ਦਾਖਲੇ ਦੇ ਯੋਗ ਹੋਣ ਲਈ ਵਿਦਿਆਰਥੀ ਦੁਆਰਾ ਕ੍ਰਮਵਾਰ ਪਹਿਲੇ ਦੋ ਸਮੈਸਟਰ ਜਾਂ ਪਹਿਲੇ ਚਾਰ ਸਮੈਸਟਰਾਂ ਦੇ ਘੱਟੋ-ਘੱਟ 50% ਪੇਪਰ ਪਾਸ ਕਰਨੇ ਲਾਜ਼ਮੀ ਹਨ।

# ਦਾਖਲੇ ਸੰਬੰਧੀ ਜਾਣਕਾਰੀ

1. ਕੇਵਲ ਬੀ.ਏ. ਵਿੱਚ ਦਾਖਲੇ ਲਈ ਆਨਲਾਈਨ ਦਾਖਲਾ ਫਾਰਮ ਭਰਨਾ ਲਾਜ਼ਮੀ ਹੋਵੇਗਾ।
2. ਆਨਲਾਈਨ ਦਾਖਲਾ ਫਾਰਮ ਦੀ ਹਾਰਡ ਕਾਪੀ ਉਤੇ ਮਾਤਾ/ਪਿਤਾ/ਸਰਪ੍ਰਸਤ ਦੇ ਦਸਤਖਤ ਅਤੇ ਸੰਪਰਕ ਨੰਬਰ ਹੋਣੇ ਜ਼ਰੂਰੀ ਹਨ।
3. ਆਨਲਾਈਨ ਦਾਖਲਾ ਫਾਰਮ ਵਿੱਚ ਸਾਰੀਆਂ ਸੂਚਨਾਵਾਂ ਅਤੇ ਵਿਸ਼ੇ ਸੋਚ ਸਮਝ ਕੇ ਭਰੇ ਜਾਣ।
4. ਬਿਨੈਕਾਰ ਆਪਣਾ ਬਲੱਡ ਗਰੁੱਪ ਦਾਖਲਾ ਫਾਰਮ ਵਿੱਚ ਭਰਨਾ ਯਕੀਨੀ ਬਣਾਉਣ ਤਾਂ ਜੋ ਇਸਦਾ ਇੰਦਰਾਜ ਵਿਦਿਆਰਥੀ ਦੇ ਸ਼ਨਾਖਤੀ ਕਾਰਡ ਉੱਪਰ ਕੀਤਾ ਜਾ ਸਕੇ।
5. ਰਾਖਵੀਆਂ ਸੀਟਾਂ ਦੇ ਅਧਾਰ ਤੇ ਦਾਖਲਾ ਲੈਣ ਦੇ ਇੱਛੁਕ ਵਿਦਿਆਰਥੀ ਦਾਖਲਾ ਫਾਰਮ ਵਿੱਚ ਆਪਣੀ ਕੈਟਾਗਰੀ ਜਰੂਰ ਭਰਨ ਅਤੇ ਸਬੂਤ ਵਜੋਂ ਯੋਗ ਅਧਿਕਾਰੀ (ਤਹਿਸੀਲਦਾਰ/ਐਸ.ਡੀ.ਐਮ.) ਵੱਲੋਂ ਜਾਰੀ ਕੀਤੇ ਪ੍ਰਮਾਣ ਪੱਤਰ ਦੀ ਤਸਦੀਕ ਸ਼ੁਦਾ ਨਕਲ ਫਾਰਮ ਨਾਲ ਨੱਥੀ ਕਰਨ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਨੂੰ ਰਾਖਵੀਂ ਸੀਟ ਲਈ ਨਹੀਂ ਵਿਚਾਰਿਆ ਜਾਵੇਗਾ
6. ਦੂਸਰੇ ਕਾਲਜਾਂ ਤੋਂ ਪ੍ਰੀਖਿਆ ਪਾਸ ਵਿਦਿਆਰਥੀਆਂ ਨੂੰ ਕਾਲਜ ਵਿੱਚ ਉਪਲਬਧ ਵਿਸ਼ੇ ਸਮੂਹ ਅਤੇ ਸੀਟਾਂ ਦੇ ਅਧਾਰ ਤੇ ਦਾਖਲਾ ਮਿਲੇਗਾ।
7. ਜੋ ਵਿਦਿਆਰਥੀ ਐਸ.ਸੀ. ਸਕੀਮ ਅਧੀਨ ਪੋਸਟ ਮੈਟ੍ਰਿਕ ਸਕਾਲਰਸ਼ਿਪ ਲੈਣਾ ਚਾਹੁੰਦੇ ਹਨ ਉਹ ਆਨ ਲਾਈਨ ਦਾਖਲਾ ਫਾਰਮ ਭਰਦੇ ਸਮੇਂ ਵਿਦਿਆਰਥੀ ਵੱਲੋਂ ਦਿੱਤਾ ਜਾਣ ਵਾਲਾ ਹਲਫੀਆ ਬਿਆਨ ਭਰਨਗੇ ਅਤੇ ਉਸਦੀ ਹਾਰਡ ਕਾਪੀ ਦਾਖਲਾ ਫਾਰਮ ਦੇ ਨਾਲ ਹੀ ਜਮਾਂ ਕਰਵਾਉਣਗੇ।
8. ਜਿੰਨ੍ਹਾਂ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਇਲਾਵਾ ਦੂਜੀਆਂ ਯੂਨੀਵਰਸਿਟੀਆਂ/ਬੋਰਡਾਂ ਤੋਂ ਪਾਸ ਕੀਤੀ ਹੈ ਉਹਨਾਂ ਨੂੰ ਦਾਖਲੇ ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਰਜਿਸਟਰੇਸ਼ਨ ਸ਼ਾਖਾ ਤੋਂ ਪਾਤਰਤਾ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਹੀ ਕਾਲਜ ਵਿੱਚ ਯੁਨੀਵਰਸਿਟੀ ਦੁਆਰਾ ਨਿਰਧਾਰਿਤ ਨਿਯਮਾਂ ਅਨੁਸਾਰ ਦਾਖਲਾ ਦਿੱਤਾ ਜਾਵੇਗਾ।
9. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਇਲਾਵਾ ਦੂਜੀਆਂ ਯੂਨੀਵਰਸਿਟੀਆਂ ਤੋਂ ਪਿਛਲਾ ਇਮਤਿਹਾਨ ਪਾਸ ਕਰਨ ਵਾਲੇ ਵਿਦਿਆਰਥੀ ਦਾਖਲੇ ਤੋਂ ਇੱਕ ਮਹੀਨੇ ਦੇ ਅੰਦਰ ਆਪਣਾ ਮਾਈਗ੍ਰੇਸ਼ਨ ਸਰਟੀਫਿਕੇਟ ਕਾਲਜ ਵਿੱਚ ਜਮ੍ਹਾਂ ਕਰਵਾਉਣਗੇ। ਦੇਰੀ ਹੋਣ ਦੀ ਸੂਰਤ ਵਿੱਚ ਯੂਨੀਵਰਸਿਟੀ ਵੱਲੋਂ ਜੋ ਲੇਟ ਫੀਸ ਲਗਾਈ ਜਾਵੇਗੀ ਉਹ ਵਿਦਿਆਰਥੀ ਵੱਲੋਂ ਅਦਾ ਕੀਤੀ ਜਾਵੇਗੀ।
10. ਯੂਨੀਵਰਸਿਟੀ ਪ੍ਰੀਖਿਆ ਵਿੱਚ ਫੇਲ ਹੋਏ, ਪ੍ਰੀਖਿਆ ਤੋਂ ਰੋਕੇ ਗਏ, ਯੂਨੀਵਰਸਿਟੀ ਪ੍ਰੀਖਿਆ ਵਿੱਚ ਗੈਰ ਹਾਜਰ ਜਾਂ ਪ੍ਰੀਖਿਆ ਵਿੱਚ ਵਿਸ਼ੇਸ਼ ਹਾਲਤਾਂ ਵਿੱਚ/ਵਿਸ਼ੇਸ਼ ਕੇਸਾਂ ਵਿੱਚ ਪੇਪਰ ਛੱਡ ਜਾਣ ਵਾਲੇ ਜਾਂ ਪਿਛਲੇ ਸਾਲਾਂ ਵਿੱਚ ਪੜ੍ਹਾਈ ਛੱਡੀ ਰੱਖਣ ਵਾਲੇ ਵਿਦਿਆਰਥੀਆਂ ਨੂੰ ਉਸੇ ਕਲਾਸ ਵਿੱਚ ਮੁੜ ਦਾਖਲਾ ਪ੍ਰਿੰਸੀਪਲ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਨਹੀਂ ਦਿੱਤਾ ਜਾਵੇਗਾ।
11. ਯੂਨੀਵਰਸਿਟੀਆਂ ਦੇ ਇਮਤਿਹਾਨਾਂ ਵਿੱਚ ਬੈਠਣ ਤੋਂ ਵਰਜਿਤ ਵਿਦਿਆਰਥੀਆਂ ਦਾ ਦਾਖਲਾ ਮੁੱਢ ਤੋਂ ਹੀ ਰੱਦ ਕੀਤਾ ਜਾਵੇਗਾ।
12. ਜਿਸ ਵਿਦਿਆਰਥੀ ਦਾ ਨਤੀਜਾ ਦੇਰ ਨਾਲ ਨਿਕਲਦਾ ਹੈ, ਉਹ ਨਤੀਜਾ ਕਾਰਡ ਤੇ ਛਪੀ ਤਾਰੀਖ ਤੋਂ 10 ਦਿਨ ਦੇ ਅੰਦਰ-2 ਕਾਲਜ ਵਿੱਚ ਦਾਖਲਾ ਪ੍ਰਾਪਤ ਕਰ ਸਕਦਾ ਹੈ, ਬਸ਼ਰਤੇ ਉਹ ਦਾਖਲੇ ਦੀਆਂ ਬਾਕੀ ਸ਼ਰਤਾਂ ਪੂਰੀਆਂ ਕਰਦਾ ਹੋਵੇ ਦਾਖਲਾ ਫਾਰਮ ਸਮੇਂ ਸਿਰ ਕਾਲਜ ਜਮ੍ਹਾਂ ਕਰਵਾਇਆ ਹੋਵੇ।

13. ਅਗਲੀ ਕਲਾਸ ਵਿੱਚ ਦਾਖਲਾ ਲੈਣ ਸਮੇਂ ਵਿਦਿਆਰਥੀਆਂ ਨੂੰ ਨਵਾਂ ਦਾਖਲਾ ਭਰਨਾ ਪਵੇਗਾ।

14. ਸਮੇਂ ਸਮੇਂ ਤੇ ਬੋਰਡ/ਯੂਨੀਵਰਸਿਟੀਆਂ/ਯੂ.ਜੀ.ਸੀ. ਅਤੇ ਸਰਕਾਰ ਵੱਲੋਂ ਪ੍ਰਾਪਤ ਆਦੇਸ਼ਾਂ ਅਨੁਸਾਰ ਦਾਖਲੇ ਦੇ ਨਿਯਮਾਂ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।

15. ਨਿਯਮਾਂ ਦੀ ਵਿਆਖਿਆ ਦਾ ਅਧਿਕਾਰ ਕਾਲਜ ਪ੍ਰਿੰਸੀਪਲ ਦਾ ਹੋਵੇਗਾ।

16. ਕਾਲਜ ਵਿੱਚ ਹਰ ਕਿਸਮ ਦੀ ਰੈਗਿੰਗ ਪੂਰਨ ਰੂਪ ਵਿੱਚ ਗੈਰ ਕਾਨੂੰਨੀ ਹੈ। ਦੋਸ਼ੀਆਂ ਖਿਲਾਫ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

17. ਗੈਪ ਸਾਲ ਵਾਲੇ ਵਿਦਿਆਰਥੀ ਨੂੰ ਦਾਖਲਾ ਫਾਰਮ ਨਾਲ ਇਸ ਤੱਥ ਦਾ ਐਫੀਡੇਵਿਟ (ਦੋ ਕਾਪੀਆਂ) ਦੇਣਾ ਪਵੇਗਾ ਕਿ ਗੈਪ ਦੇ ਸਮੇਂ ਦੌਰਾਨ ਉਸਨੂੰ ਕਿਸੇ ਵੀ ਬੋਰਡ/ਯੂਨੀਵਰਸਿਟੀ/ਸੰਸਥਾਨ ਦੁਆਰਾ ਕਿਸੇ ਵੀ ਕਾਰਨ ਕਰਕੇ ਅਯੋਗ ਘੋਸ਼ਿਤ ਨਹੀਂ ਕੀਤਾ ਗਿਆ ਸੀ। ਅਗਰ ਵਿਦਿਆਰਥੀ ਅਯੋਗ ਘੋਸ਼ਿਤ ਹੋਇਆ ਤਾਂ ਉਸਨੂੰ ਐਫੀਡੇਵਿਟ ਵਿੱਚ ਅਯੋਗਤਾ ਦਾ ਕਾਰਨ ਅਤੇ ਸਮਾਂ ਲਿਖਣਾ ਪਵੇਗਾ। ਅਜਿਹੇ ਵਿਦਿਆਰਥੀ ਨੂੰ ਅਯੋਗਤਾ ਦੇ ਚੱਲ ਰਹੇ ਸਮੇਂ ਦੌਰਾਨ ਕਿਸੇ ਵੀ ਹਾਲਤ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ। ਗੈਪ ਵਾਲੇ ਕੇਸ ਐਫੀਡੇਵਿਟ ਦੀਆਂ ਦੋ ਕਾਪੀਆਂ ਜਮ੍ਹਾਂ ਕਰਵਾਉਣੀਆਂ ਲਾਜ਼ਮੀ ਹਨ। ਇੱਕ ਕਾਪੀ ਆਪਣੇ ਪਾਸ ਰੱਖੇਗਾ ਅਤੇ ਦੂਜੀ ਕਾਪੀ ਦਾਖਲਾ ਹੋਣ ਉਪਰੰਤ ਵਿਦਿਆਰਥੀ ਦੀ ਰਜਿਸਰਟੇਸ਼ਨ ਰਿਟਰਨ ਨਾਲ ਯੂਨੀਵਰਸਿਟੀ ਨੂੰ ਭੇਜੀ ਜਾਵੇਗੀ।

*ਜਗਤ ਗੁਰੂ ਨਾਨਕ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ*

ਸਰਕਾਰੀ ਕਾਲਜ ਜ਼ੀਰਾ ਵਿੱਚ JGNDPSOU ਦੁਆਰਾ 6 ਮਹੀਨੇ ਦਾ ਸਰਟੀਫਿਕੇਟ ਕੋਰਸ ਆਈ.ਟੀ. ਇਨਏਬਲਡ ਸਰਵਿਸਜ਼ ਕਰਵਾਇਆ ਜਾਂਦਾ ਹੈ।



## ਅਤਿ ਜ਼ਰੂਰੀ ਸੂਚਨਾ

1. ਕਾਲਜ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਹਰ ਰੋਜ ਕਾਲਜ ਦਾ ਨੋਟਿਸ ਬੋਰਡ ਧਿਆਨ ਨਾਲ ਪੜ੍ਹਣ । ਕਾਲਜ ਵਿੱਚ ਕੋਈ ਵੀ ਸੂਚਨਾ ਕੇਵਲ ਨੋਟਿਸ ਬੋਰਡ ਤੇ ਹੀ ਲਗਾਈ ਜਾਵੇਗੀ । ਨੋਟਿਸ ਬੋਰਡ ਨਾ ਪੜ੍ਹਣ ਦੀ ਸੂਰਤ ਵਿੱਚ ਕਿਸੇ ਸੂਚਨਾ ਤੋਂ ਵਾਂਝੇ ਰਹਿ ਜਾਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ ।
2. ਯੂਨੀਵਰਸਿਟੀ ਦੀਆ ਪ੍ਰੀਖਿਆਵਾਂ ਵਿੱਚ ਬੈਠਣ ਦੀ ਯੋਗਤਾ ਲਈ ਘੱਟੋ ਘੱਟ 75% ਲੈਕਚਰ ਲਗਾਉਣੇ ਜ਼ਰੂਰੀ ਹਨ ।
3. ਹਰੇਕ ਵਿਸ਼ੇ ਲਈ 10% ਦੀ ਇੰਟਰਨਲ ਅਸੈਸਮੈਂਟ ਨਿਰਧਾਰਿਤ ਕੀਤੀ ਗਈ ਹੈ । ਜੋ ਕਿ ਵਿਦਿਆਰਥੀ ਦੁਆਰਾ ਵਿਭਿੰਨ ਕਲਾਸ ਦੇ ਟੈਸਟਾਂ ਵਿੱਚ ਪ੍ਰਾਪਤ ਕੀਤੇ ਅੰਕਾਂ (5%) ਪ੍ਰੋਜੈਕਟ ਵਰਕ ਜਾਂ ਅਸਾਈਨਮੈਂਟਾਂ (3%) ਅਤੇ ਹਾਜ਼ਰੀਆਂ (2%) ਦੇ ਅਧਾਰ ਤੇ ਹੋਵੇਗੀ ।

**ਨੋਟ: 1. ਕਾਲਜ ਦੇ ਘਰੇਲੂ ਇਮਤਿਹਾਨਾਂ/ਹਾਜ਼ਰੀਆਂ ਸੰਬੰਧੀ ਜਾਣਕਾਰੀ ਹਾਸਲ ਕਰਨੀ ਮਾਪਿਆਂ/ਸਰਪ੍ਰਸਤਾਂ ਦੀ ਆਪਣੀ ਜ਼ਿੰਮੇਵਾਰੀ ਹੈ । ਕਾਲਜ ਵੱਲੋਂ ਡਾਕ ਰਾਹੀਂ ਕੋਈ ਅਜਿਹੀ ਸੂਚਨਾਂ ਨਹੀਂ ਭੇਜੀ ਜਾਂਦੀ ।**
**2. ਜੇ ਕੋਈ ਵਿਦਿਆਰਥੀ ਨਤੀਜਾ ਲੇਟ ਨਿਕਲਣ ਕਾਰਨ ਕਾਲਜ ਵਿੱਚ ਲੇਟ ਦਾਖਲ ਹੁੰਦਾ ਹੈ ਤਾਂ ਉਸਦੀਆਂ ਹਾਜ਼ਰੀਆਂ ਦੀ ਗਿਣਤੀ ਕਾਲਜ ਵਿੱਚ ਉਸਦੇ ਦਾਖਲੇ ਦੀ ਮਿਤੀ ਤੋਂ ਕੀਤੀ ਜਾਵੇਗੀ ।**

## ਰਾਖਵੀਆਂ ਸੀਟਾਂ

ਪੰਜਾਬ ਸਰਕਾਰ ਦੀਆਂ ਸ਼ਰਤਾਂ ਅਨੁਸਾਰ ਨਵੇਂ ਵਿਦਿਆਰਥੀਆਂ ਲਈ ਕੁੱਲ ਸੀਟਾਂ ਵਿੱਚੋਂ ਹੇਠ ਲਿਖੀਆਂ ਸ਼੍ਰੇਣੀਆਂ ਲਈ ਰਾਖਵੀਆਂ ਹੋਣਗੀਆਂ ।

1. ਅਨੁਸੂਚਿਤ ਜਾਤੀਆਂ/ਕਬੀਲਿਆਂ ਲਈ........................................................25%
2. ਪਛੜੀਆਂ ਸ਼੍ਰੇਣੀਆਂ ਲਈ........................................................5%
3. ਬੀ.ਐਸ.ਐਫ./ਆਰਮਡ ਫੋਰਸ/ਸੀ.ਆਰ.ਪੀ.ਐਫ. ਦੇ ਕਰਮਚਾਰੀਆਂ/ਅਧਿਕਾਰੀਆਂ ਦੇ ਬੱਚਿਆਂ ਲਈ..................2%
4. ਖਿਡਾਰੀਆਂ ਲਈ........................................................2%
   (ਕੇਵਲ ਪੰਜਾਬ ਖੇਡ ਵਿਭਾਗ ਵੱਲੋਂ ਨਿਰਧਾਰਿਤ ਗ੍ਰੇਡੇਸ਼ਨ ਤੇ ਅਧਾਰ ਤੇ)
5. ਅਧਿਆਪਕਾਂ (ਮਾਨਤਾ ਪ੍ਰਾਪਤ ਲਈ) ਦੇ ਬੱਚਿਆਂ ਲਈ........................................................2%
6. ਖਾੜਕੂਆਂ ਹੱਥੋਂ/ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਦੌਰਾਨ 50% ਨਕਾਰਾ ਹੋਏ ਵਿਅਕਤੀਆਂ/ਸਿੱਖ ਪ੍ਰਵਾਸੀਆਂ/ ਅੰਦਰੂਨੀ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਲਈ........................................................2%
7. ਸਰੀਰਕ ਤੌਰ ਤੇ ਅੰਗਹੀਣਾਂ ਲਈ........................................................3%
8. ਸੁਤੰਤਰਤਾ ਸੰਗਰਾਮੀਆਂ ਦੇ ਬੱਚਿਆਂ ਪੋਤੇ ਪੋਤੀਆਂ ਅਤੇ ਦੋਹਤੇ ਦੋਹਤੀਆਂ........................................................1%
9. ਏਡਜ਼, ਕੈਂਸਰ, ਥੈਲੇਸੀਮੀਆ ਤੋਂ ਪੀੜਤ ਵਿਦਿਆਰਥੀਆਂ ਲਈ........................................................1 ਸੀਟ
10. ਇਕਲੌਤੀ ਧੀ ਜਾਂ ਕੇਵਲ ਦੋ ਧੀਆਂ ਵਿੱਚੋਂ ਇੱਕ ਧੀ ਲਈ ਵਾਧੂ ਸੀਟਾਂ........................................................2 ਸੀਟ
11. ਦਿੱਲੀ ਦੇ ਦੰਗਾਂ ਪੀੜਤ ਬੱਚਿਆਂ ਲਈ........................................................1%
12. ਕਸ਼ਮੀਰੀ ਹਿਜਰਤਕਾਰੀ ਪ੍ਰਾਰਥੀ ਲਈ ਨਿਸ਼ਚਿਤ ਸੀਟਾਂ ਤੋਂ ਇਲਾਵਾ, ਪੰਜਾਬ ਯੂਨੀਵਰਸਿਟੀ ਨਿਯਮਾਂ ਅਨੁਸਾਰ ਵਧਾਈ ਜਾ ਸਕਦੀ ਹੈ........................................................1 ਸੀਟ

ਨੋਟ: ਪੰਜਾਬ ਸਰਕਾਰ/ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਰਾਖਵੀਆਂ ਸੀਟਾਂ ਸਬੰਧੀ ਸਮੇਂ-ਸਮੇਂ ਆਏ ਆਦੇਸ਼ਾਂ ਅਨੁਸਾਰ ਸੀਟਾਂ ਰਾਖਵੀਆਂ ਹੋਣਗੀਆਂ ।

ਨੋਟ: ਕਿਸੇ ਵੀ ਤਰ੍ਹਾਂ ਦੇ ਰਾਖਵੇਂਕਰਨ ਵਾਲੀ ਸੀਟ ਦਾ ਲਾਭ ਲੈਣ ਲਈ ਲੋੜੀਂਦਾ ਦਸਤਾਵੇਜ/ਸਬੂਤ ਦਾਖਲਾ ਫਾਰਮ ਨਾਲ ਨੱਥੀ ਕਰਨਾ ਲਾਜ਼ਮੀ ਹੋਵੇਗਾ ।

## ਬੀ.ਏ. ਦੇ ਵਿਸ਼ਿਆਂ ਦੀ ਚੋਣ

ਬੀ.ਏ. ਸਮੈਸਟਰ ਪਹਿਲਾ ਵਿੱਚ ਲਏ ਜਾ ਸਕਣ ਵਾਲੇ, ਪੜ੍ਹਾਏ ਜਾਣ ਵਾਲੇ ਵਿਸ਼ਿਆਂ ਦਾ ਵੇਰਵਾ (ਵਿਦਿਆਰਥੀਆਂ ਨੂੰ ਕੇਵਲ ਉਹ ਵਿਸ਼ੇ ਹੀ ਲੈਣੇ ਪੈਣਗੇ ਜੋ ਇਸ ਕਾਲਜ ਵਿੱਚ ਉਪਲਬਧ ਹਨ)

### ਲਾਜ਼ਮੀ ਵਿਸ਼ੇ :

1. ਲਾਜ਼ਮੀ ਅੰਗਰੇਜੀ
2. ਲਾਜ਼ਮੀ ਪੰਜਾਬੀ
3. ਵਾਤਾਵਰਣ ਸਿੱਖਿਆ

### ਚੋਣਵੇ ਵਿਸ਼ੇ :

1. ਇਤਿਹਾਸ
2. ਰਾਜਨੀਤੀ ਸ਼ਾਸਤਰ
3. ਪੰਜਾਬੀ ਇਲੈੱਕਟਿਵ
4. ਹਿੰਦੀ ਇਲੈੱਕਟਿਵ
5. ਅਰਥ ਸ਼ਾਸਤਰ
6. ਕੰਪਿਊਟਰ ਸਾਇੰਸ
7. ਭੂਗੋਲ
8. ਸਰੀਰਕ ਸਿੱਖਿਆ

ਨੋਟ: ਵਿਸ਼ੇ ਚੁਣਨ ਵੇਲੇ ਇਸ ਗੱਲ ਦਾ ਧਿਆਨ ਦਿੱਤਾ ਜਾਵੇ ਕਿ ਹੇਠ ਵਿਸ਼ਾ ਸਮੂਹ ਵਿੱਚੋਂ ਕੇਵਲ ਇੱਕ ਹੀ ਵਿਸ਼ਾ ਲਿਆ ਜਾ ਸਕਦਾ ਹੈ ।

1. ਸਰੀਰਕ ਸਿੱਖਿਆ /ਭੂਗੋਲ

### ਵਿਸ਼ਾ ਬਦਲੀ :

ਕਿਸੇ ਵੀ ਵਿਦਿਆਰਥੀ ਨੂੰ ਸੈਸ਼ਨ ਸ਼ੁਰੂ ਹੋਣ ਦੇ 15 ਦਿਨਾਂ ਦੇ ਅੰਦਰ ਵਿਸ਼ਾ ਬਦਲਣ ਦੀ ਆਗਿਆ ਮਿਲ ਸਕਦੀ ਹੈ । ਅਜਿਹੇ ਬਿਨੈ ਪੱਤਰਾਂ ਉਤੇ ਮਾਪਿਆਂ ਅਤੇ ਸੰਬੰਧਿਤ ਅਧਿਆਪਕਾਂ ਦੀ ਸਹਿਮਤੀ ਜ਼ਰੂਰੀ ਹੋਵੇਗੀ ।

### ਕਾਲਜ ਛੱਡਣਾ :

ਜੋ ਵਿਦਿਆਰਥੀ ਕਾਲਜ ਛੱਡਣਾ ਚਾਹੁਣ, ਉਹਨਾਂ ਨੂੰ ਆਪਣੀ ਹੱਥ ਲਿਖਤ ਬਿਨੈ ਪੱਤਰ ਦੇਣਾ ਪਵੇਗਾ । ਇਹਨਾਂ ਬਿਨੈ ਪੱਤਰਾਂ ਉੱਤੇ ਮਾਪਿਆਂ/ਸਰਪਰਸਤਾਂ ਦੀ ਸਹੀ ਜ਼ਰੂਰੀ ਹੈ । ਜਦੋਂ ਤੱਕ ਵਿਦਿਆਰਥੀ ਦਾ ਨਾਂ ਨਹੀਂ ਕੱਟਿਆ ਜਾਂਦਾ, ਉਦੋਂ ਤੱਕ ਉਸ ਤੋਂ ਫੀਸਾਂ, ਜੁਰਮਾਨੇ ਦੇ ਦੂਸਰੇ ਫੰਡ ਲਏ ਜਾਣਗੇ ।

## ਛੁੱਟੀਆਂ ਬਾਰੇ ਨਿਯਮ

1. ਛੁੱਟੀ ਲਈ ਬਿਨੈ ਪੱਤਰ ਨਿਰਧਾਰਿਤ ਫਾਰਮ ਤੇ ਦੇਣਾ ਜਰੂਰੀ ਹੈ ਜੋ ਕਿ ਕਾਲਜ ਦਫਤਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ ।
2. ਸਾਧਾਰਨ ਹਾਲਤਾਂ ਵਿੱਚ ਛੁੱਟੀ ਤੇ ਜਾਣ ਤੋਂ ਪਹਿਲਾਂ ਛੁੱਟੀ ਮਨਜੂਰ ਕਰਵਾਉਣਾ ਜਰੂਰੀ ਹੈ ।
3. (ੳ) ਪੰਜ ਦਿਨ ਤੱਕ ਦੀ ਜਰੂਰੀ ਕੰਮ ਜਾਂ ਬੀਮਾਰੀ ਦੀ ਛੁੱਟੀ ਟਿਊਟਰ ਪਾਸੋਂ ਮਨਜੂਰ ਕਰਵਾਉਣਾ ਜਰੂਰੀ ਹੈ ।
   (ਅ) ਪੰਜ ਤੋਂ ਦੱਸ ਦਿਨ ਤੱਕ ਦੀ ਛੁੱਟੀ ਟਿਊਟਰ ਦੀ ਸਿਫਾਰਸ਼ ਤੇ ਸੀਨੀਅਰ ਟਿਊਟਰ ਪਾਸੋਂ ਮਨਜ਼ੂਰ ਕਰਵਾਉਣਾ ਲਾਜ਼ਮੀ ਹੈ ।
   (ੲ) ਦਸ ਦਿਨ ਤੋਂ ਵੱਧ ਦੀ ਛੁੱਟੀ ਟਿਊਟਰ ਅਤੇ ਸੀਨੀਅਰ ਟਿਊਟਰ ਦੀ ਸਿਫਾਰਸ਼ ਤੇ ਪ੍ਰਿੰਸੀਪਲ ਪਾਸੋਂ ਮਨਜੂਰ ਕਰਵਾਉਣਾ ਜਰੂਰੀ ਹੈ ।
4. ਬੀਮਾਰੀ ਕਾਰਨ ਇੱਕ ਹਫਤੇ ਤੋਂ ਵੱਧ ਗੈਰ ਹਾਜ਼ਰ ਰਹਿਣ ਵਾਲੇ ਵਿਦਿਆਰਥੀ ਲਈ ਛੁੱਟੀ ਦੀ ਅਰਜੀ ਨਾਲ ਐਮ.ਬੀ.ਬੀ.ਐਸ./ਐਮ.ਡੀ. ਡਾਕਟਰ ਵੱਲੋਂ ਜਾਰੀ ਮੈਡੀਕਲ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ ।
5. ਕਿਸੇ ਵੀ ਕਿਸਮ ਦੀ ਮਨਜ਼ੂਰ ਹੋਈ ਕੋਈ ਵੀ ਛੁੱਟੀ (ਜਰੂਰੀ ਕੰਮ ਜਾਂ ਬੀਮਾਰੀ) ਹਾਜ਼ਰੀਆਂ ਦੀ ਘਾਟ ਨੂੰ ਪੂਰਾ ਨਹੀਂ ਕਰਦੀ ਇਸ ਨਾਲ ਕੇਵਲ ਜੁਰਮਾਨੇ ਤੋਂ ਹੀ ਛੋਟ ਮਿਲਦੀ ਹੈ ।
6. ਉਸਦੇ ਚੰਗੇ ਵਿਵਹਾਰ ਲਈ ਸੰਬੰਧਿਤ ਅਧਿਆਪਕ ਵੱਲੋਂ ਸਿਫਾਰਸ਼ ਕਰਨ ਤੇ ਅਜਿਹਾ ਵਿਦਿਆਰਥੀ ਆਪਣੇ ਮਾਪਿਆਂ ਨਾਲ ਆ ਕੇ ਨਾਂ ਕੱਟਣ ਦੀ ਮਿਤੀ ਤੋਂ ਇੱਕ ਹਫਤੇ ਦੇ ਅੰਦਰ-ਅੰਦਰ (ਜੇਕਰ ਪ੍ਰਿੰਸਪਿਲ ਆਗਿਆ ਦੇਣ) ਮੁੜ ਦਾਖਲਾ ਲੈ ਸਕਦਾ ਹੈ । ਇਸ ਲਈ ਉਸਨੂੰ ਮੁੜ ਦਾਖਲਾ ਫੀਸ, ਪੂਰਾ ਪੀ.ਟੀ.ਏ. ਫੰਡ ਅਤੇ ਜੁਰਮਾਨਾ ਭਰਨਾ ਪਵੇਗਾ ।
7. 10 ਦਿਨਾਂ ਦੀ ਗੈਰ ਹਾਜ਼ਰੀ ਦੇ ਅਧਾਰ ਤੇ ਨਾਮ ਕੱਟਣ ਉਪਰੰਤ ਸੱਤ ਦਿਨ ਦੇ ਵਿੱਚ ਵਿੱਚ ਕੇਵਲ ਇੱਕ ਵਾਰ ਹੀ ਮੁੜ ਦਾਖਲ ਹੋ ਸਕਦਾ ਹੈ । ਇਸ ਤੋਂ ਬਾਅਦ ਵਿਦਿਆਰਥੀ ਆਪਣੇ ਦਾਖਲੇ ਦਾ ਅਧਿਕਾਰ ਗੁਆ ਬੈਠੇਗਾ ।
8. ਹਾਜ਼ਰੀ/ਲੈਕਚਰ ਕਲਾਸਾਂ ਸ਼ੁਰੂ ਹੋਣ ਤੋਂ ਗਿਣੇ ਜਾਣਗੇ ਨਾ ਕਿ ਵਿਦਿਆਰਥੀ ਦੇ ਦਾਖਲਾ ਲੈਣ ਦੀ ਮਿਤੀ ਤੋਂ ਸਿਰਫ ਲੇਟ ਨਤੀਜਾ ਘੋਸ਼ਿਤ ਕੀਤੇ ਜਾਣ ਵਾਲੇ ਵਿਦਿਆਰਥੀਆਂ ਦੇ ਲੈਕਚਰ ਹੀ ਉਹਨਾਂ ਦੇ ਦਾਖਲੇ ਦੀ ਮਿਤੀ ਤੋਂ ਗਿਣੇ ਜਾਣਗੇ ।
9. ਵੱਖ ਵੱਖ ਕਾਲਜ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਸੰਬੰਧਿਤ ਇੰਚਾਰਜ ਦੀ ਸਿਫਾਰਸ਼ ਤੇ ਛੁੱਟੀ ਮਨਜੂਰ ਕਰਵਾਉਣ ਲਈ ਆਪਣੀ ਅਰਜ਼ੀ ਟਿਊਟਰ ਨੂੰ ਦੇਣ ਅਤੇ ਆਪਣੇ ਵਿਸ਼ਿਆਂ ਨਾਲ ਸੰਬੰਧਿਤ ਪ੍ਰੋਫੈਸਰ ਨੂੰ ਨੋਟ ਕਰਵਾਉਣ ਅਤੇ ਉਸਦੀ ਇੱਕ ਕਾਪੀ ਆਪਣੇ ਕੋਲ ਰੱਖਣ

## ਕਾਲਜ ਤੋਂ ਲੰਬੇ ਸਮੇਂ ਲਈ ਗੈਰ ਹਾਜ਼ਰੀ

1. ਜੇਕਰ ਕੋਈ ਵਿਦਿਆਰਥੀ ਛੁੱਟੀ ਮਨਜ਼ੂਰ ਕਰਵਾਉਣ ਤੋਂ ਬਿਨ੍ਹਾਂ 10 ਦਿਨ ਲਈ ਗੈਰ ਹਾਜ਼ਰ ਰਹਿੰਦਾ ਹੈ ਜਾਂ ਕਿਸੇ ਇੱਕ ਵਿਸ਼ੇ ਵਿੱਚੋਂ ਵੀ ਗੈਰ ਹਾਜਰ ਰਹਿੰਦਾ ਹੈ ਤਾਂ ਕਾਲਜ ਵਿੱਚ ਉਸਦਾ ਨਾਂ ਕੱਟ ਦਿੱਤਾ ਜਾਵੇਗਾ ।
2. ਰੀ-ਐਡਮਿਸ਼ਨ ਸਮੇਂ ਪ੍ਰਿੰਸੀਪਲ ਦੀ ਆਗਿਆ ਜਰੂਰੀ ਹੈ ਤੇ ਜੁਰਮਾਨੇ ਦੀ ਅਦਾਇਗੀ ਵੀ ਕਰਨੀ ਪਵੇਗੀ ।
3. ਨਾਂ ਕੱਟਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਨਾਂ ਦੁਬਾਰਾ ਦਾਖਲ ਹੋਣਾ ਜਰੂਰੀ ਹੈ ਨਹੀਂ ਤਾਂ ਰੀ-ਐਡਮਿਸ਼ਨ ਨਹੀਂ ਹੋਵੇਗੀ ।

## ਖੇਡ ਸਮਾਰੋਹ

1. ਸਾਲਾਨਾ ਖੇਡ ਸਮਾਰੋਹ ਵਿੱਚ ਉਹ ਹੀ ਈਵੈਂਟ ਕਰਵਾਈ ਜਾਵੇਗੀ ਜਿਸ ਵਿੱਚ ਘੱਟੋ ਘੱਟ ਪੰਜ ਖਿਡਾਰੀ ਹਿੱਸਾ ਲੈ ਰਹੇ ਹੋਣਗੇ ।
2. ਲੜਕੇ ਅਤੇ ਲੜਕੀਆਂ ਦੋਹਾਂ ਵਿੱਚੋਂ ਅਲੱਗ-ਅਲੱਗ ਬੈਸਟ ਐਥਲੀਟ ਲਏ ਜਾਣਗੇ ।
3. ਸਪੋਰਟਸ ਕਮੇਟੀ ਲੋੜ ਅਤੇ ਸਮੇਂ ਮੁਤਾਬਿਕ ਈਵੈਂਟਸ ਵਿੱਚ ਤਬਦੀਲੀ ਕਰ ਸਕਦੀ ਹੈ ।

## ਕਾਲਜ ਕਲਰ ਦੇ ਨਿਯਮ

1. ਬੈਸਟ ਐਥਲੀਟ (ਲੜਕੇ ਅਤੇ ਲੜਕੀਆਂ ਵੱਖ ਵੱਖ ਨੂੰ)
2. ਉਨ੍ਹਾਂ ਐਥਲੀਟਾਂ/ਖਿਡਾਰੀਆਂ ਨੂੰ ਜੋ ਯੂਨੀਵਰਸਿਟੀ ਜਾਂ ਚੈਂਪੀਅਨਸ਼ਿਪ ਵਿੱਚ ਪਹਿਲਾ,ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰ ਸਕਦੇ ਹਨ ।
3. ਵਿੱਦਿਅਕ ਅਦਾਰੇ ਅਤੇ ਸੱਭਿਆਚਾਰਕ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਨੂੰ ਯੋਗਤਾ ਅਨੁਸਾਰ ਰੋਲ ਆਫ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਦਿੱਤੇ ਜਾਣਗੇ ।

## ਲਾਇਬਰੇਰੀ

ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਦੀ ਲਾਇਬਰੇਰੀ ਵਿੱਚ ਵੱਖ ਵੱਖ ਵਿਸ਼ਿਆਂ ਅਤੇ ਆਮ ਜਾਣਕਾਰੀ ਨਾਲ ਸੰਬੰਧਿਤ ਅਨੇਕਾਂ ਪੁਸਤਕਾਂ ਹਨ । ਜਿਸ ਦਾ ਵਿਦਿਆਰਥੀ ਭਰਪੂਰ ਫਾਇਦਾ ਉਠਾ ਸਕਦੇ ਹਨ । ਲਾਇਬਰੇਰੀ ਦੇ ਉਪਯੋਗ ਲਈ ਹੇਠ ਲਿਖੇ ਨਿਯਮਾਂ ਦੀ ਪਾਲਣਾ ਕਰਨਾ ਜਰੂਰੀ ਹੈ ।

1) ਲਾਇਬਰੇਰੀ ਵਿੱਚੋਂ ਇੱਕੋ ਸਮੇਂ ਲਈ ਦੋ ਹੀ ਪੁਸਤਕਾਂ ਕਢਵਾਈਆਂ ਜਾ ਸਕਦੀਆਂ ਹਨ ।

2) ਜੇਕਰ ਕਿਸੇ ਹੋਰ ਵਿਦਿਆਰਥੀ ਨੂੰ ਉਸ ਪੁਸਤਕ ਦੀ ਲੋੜ ਨਾ ਹੋਵੇ ਤਾਂ ਲਾਇਬਰੇਰੀਅਨ ਦੀ ਰਜ਼ਾਮੰਦੀ ਨਾਲ ਵਿਦਿਆਰਥੀ ਪੁਸਤਕ ਵਾਪਸ ਕਰਨ ਉਪਰੰਤ ਦੁਬਾਰਾ ਵੀ ਕਢਵਾ ਸਕਦਾ ਹੈ ।

3) ਕਿਸੇ ਅਧਿਆਪਕ ਨੂੰ ਲੋੜ ਪੈਣ ਤੇ ਲਾਇਬਰੇਰੀਅਨ ਵਿਦਿਆਰਥੀ ਪਾਸੋਂ ਪੁਸਤਕ ਨਿਯਤ ਸਮੇਂ ਤੋਂ ਪਹਿਲਾ ਵੀ ਮੰਗਵਾ ਸਕਦਾ ਹੈ ।

4) ਉਪਰਲੇ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਵਿਦਿਆਰਥੀ ਨੂੰ 25 ਪੈਸੇ ਪ੍ਰਤੀ ਦਿਨ ਦੀ ਦਰ ਨਾਲ ਜੁਰਮਾਨਾ ਕੀਤਾ ਜਾਵੇਗਾ । ਜੇਕਰ ਕੋਈ ਵਿਦਿਆਰਥੀ ਲਗਾਤਾਰ ਅਜਿਹੀਆਂ ਗਲਤੀਆਂ ਕਰਦਾ ਰਹੇ ਤਾਂ ਲਾਇਬਰੇਰੀਅਨ/ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ ਉਸਨੂੰ ਲਾਇਬਰੇਰੀ ਦੀਆਂ ਸਹੂਲਤਾਂ ਤੋਂ ਵਾਂਝਾ ਕੀਤਾ ਜਾ ਸਕਦਾ ਹੈ ।

5. ਪੁਸਤਕਾਂ ਨੂੰ ਠੀਕ ਹਾਲਤ ਵਿੱਚ ਰੱਖਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ। ਪੁਸਤਕਾਂ ਕਢਵਾਉਣ ਵੇਲੇ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਪੁਸਤਕ ਦੀ ਪੜਤਾਲ ਕਰ ਲਵੇ । ਪੁਸਤਕ ਦੇ ਖਰਾਬ ਜਾਂ ਪਾਟੇ ਹੋਣ ਦੀ ਹਾਲਤ ਵਿੱਚ ਵਿਦਿਆਰਥੀ ਲਾਇਬਰੇਰੀਅਨ ਦੇ ਧਿਆਨ ਵਿੱਚ ਲਿਆਵੇ ਨਹੀਂ ਤਾਂ ਉਸਨੂੰ ਪੁਸਤਕ ਖਰਾਬ ਹੋਣ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ ।
6. ਰੈਫਰੈਂਸ ਪੁਸਤਕਾਂ ਅਤੇ ਰਿਜ਼ਰਵ ਕੀਤੀਆਂ ਪੁਸਤਕਾਂ ਲਾਇਬਰੇਰੀ ਵਿੱਚੋਂ ਬਾਹਰ ਨਹੀਂ ਲਿਜਾਈਆਂ ਜਾ ਸਕਦੀਆਂ ਹਨ, ਇਹ ਪੁਸਤਕਾਂ ਕਾਲਜ ਦੇ ਸਮੇਂ ਦੌਰਾਨ ਲਾਇਬਰੇਰੀ ਵਿੱਚ ਬੈਠ ਕੇ ਪੜ੍ਹੀਆਂ ਜਾ ਸਕਦੀਆਂ ਹਨ ।
7. ਲਾਇਬਰੇਰੀ ਵਿੱਚ ਆਉਣ ਸਮੇਂ ਵਿਦਿਆਰਥੀ ਕੋਲ ਸ਼ਨਾਖਤੀ ਕਾਰਡ ਹੋਣਾ ਜ਼ਰੂਰੀ ਹੈ ।
8. ਪੁਸਤਕਾਂ ਨੂੰ ਖਰਾਬ ਜਾਂ ਗੁੰਮ ਕਰਨ ਦੀ ਹਾਲਤ ਵਿੱਚ ਵਿਦਿਆਰਥੀ ਨੂੰ ਉਸ ਦੀ ਕੀਮਤ ਅਦਾ ਕਰਨੀ ਪਵੇਗੀ ਜਾਂ ਉਸਦੀ ਥਾਂ ਨਵੀਂ ਪੁਸਤਕ ਲਿਆ ਕੇ ਦੇਣੀ ਪਵੇਗੀ । ਪੁਸਤਕ ਦੀ ਕੀਮਤ ਲਾਇਬਰੇਰੀਅਨ ਵੱਲੋਂ ਨਿਯਤ ਕੀਤੀ ਜਾਵੇਗੀ ਤੇ ਇਹ ਕੀਮਤ ਪੁਸਤਕ ਦੇ ਨਵੇਂ ਐਡੀਸ਼ਨ ਦੀ ਕੀਮਤ ਅਤੇ ਡਾਕ ਖਰਚ ਦੇ ਜੋੜ ਦੇ ਬਰਾਬਰ ਹੋਵੇਗੀ ।
9. ਲਾਇਬਰੇਰੀ ਵਿੱਚ ਪੂਰਨ ਖਾਮੋਸ਼ੀ ਜ਼ਰੂਰੀ ਹੋਵੇਗੀ ਜਿਸ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀ ਨੂੰ ਰੀਡਿੰਗ ਰੂਮ ਵਿੱਚ ਪੜ੍ਹਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ।
10. ਪੁਸਤਕਾਂ ਦੀ ਵਾਪਸੀ ਸਮੇਂ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਸ਼ਨਾਖਤੀ ਕਾਰਡ ਵਿੱਚੋਂ ਉਸਦਾ ਨਾਮ ਕਟਵਾ ਲਵੇ । ਨਾ ਕੱਟੀਆਂ ਪੁਸਤਕਾਂ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ ।

# ਅਨੁਸ਼ਾਸਨ ਸੰਬੰਧੀ ਵਿਸ਼ੇਸ਼ ਹਦਾਇਤਾਂ

1. ਵਿਦਿਆਰਥੀ ਨੂੰ ਹਿਦਾਇਤ ਹੈ ਕਿ ਉਹ ਕਾਲਜ ਵਿੱਚ ਕੋਈ ਵੀ ਕੀਮਤੀ ਸਮਾਨ ਨਾ ਲੈ ਕੇ ਆਉਣ। ਅਜਿਹੇ ਸਮਾਨ ਦੀ ਚੋਰੀ ਹੋ ਜਾਣ ਤੇ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ।
2. ਪਾਰਕਿੰਗ ਵਿੱਚ ਖੜੇ ਕੀਤੇ ਵਾਹਨ ਵਿੱਚ ਪਏ ਸਮਾਨ ਦੀ ਚੋਰੀ ਲਈ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ। ਸੋ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਪਾਰਕਿੰਗ ਵਿੱਚ ਖੜੇ ਵਾਹਨ ਵਿੱਚ ਕੋਈ ਕੀਮਤੀ ਸਮਾਨ ਨਾ ਰੱਖਣ।
3. ਵਿਦਿਆਰਥੀ ਕਾਲਜ ਵਿੱਚ ਹਮੇਸ਼ਾ ਸ਼ਨਾਖਤੀ ਕਾਰਡ ਆਪਣੇ ਪਾਸ ਰੱਖਣਗੇ ਅਤੇ ਮੰਗ ਕਰਨ ਤੇ ਦਿਖਾਉਣਗੇ । ਅਜਿਹਾ ਨਾ ਹੋਣ ਦੀ ਸੂਰਤ ਵਿੱਚ ਜੁਰਮਾਨਾ ਕੀਤਾ ਜਾਵੇਗਾ।
4. ਕੋਈ ਵੀ ਵਿਦਿਆਰਥੀ ਕਾਲਜ ਨੋਟਿਸ ਬੋਰਡ ਉੱਪਰ ਆਪਣੇ ਪੱਧਰ ਤੇ ਕੋਈ ਵੀ ਸੂਚਨਾ ਲਿਖਕੇ ਨਹੀਂ ਲਾਵੇਗਾ।
5. ਕਲਾਸਾਂ ਲੱਗਣ ਸਮੇਂ ਵਰਾਂਡਿਆਂ ਵਿੱਚ ਸ਼ੋਰ ਮਚਾਉਣਾ/ਘੁੰਮਣਾ ਮਨ੍ਹਾ ਹੈ।
6. ਪ੍ਰਿੰਸੀਪਲ ਦੀ ਆਗਿਆ ਤੋਂ ਬਗੈਰ ਕਾਲਜ ਅੰਦਰ ਕਿਸੇ ਵੀ ਕਿਸਮ ਦੀ ਮੀਟਿੰਗ ਜਾਂ ਸਮਾਗਮ ਕਰਨ ਦੀ ਮਨਾਹੀ ਹੈ।
7. ਕਾਲਜ ਕੈਂਪਸ ਵਿੱਚ ਨਸ਼ਿਆਂ ਦਾ ਸੇਵਨ ਕਰਨਾ, ਟਰੈਕਟਰ/ਜੀਪ ਲਿਆਉਣ/ਹਥਿਆਰ ਲੈ ਕੇ ਆਉਣ ਅਤੇ ਕਾਲਜ ਕੈਂਪਸ ਵਿੱਚ ਸਰਕਾਰੀ ਸੰਪੱਤੀ ਦਾ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਕਰਨ ਦੀ ਸਖਤ ਮਨਾਹੀ ਹੈ।ਉਲੰਘਣਾ ਕਰਨ ਵਾਲੇ ਵਿਦਿਆਰਥੀ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।
8. ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਸਮੇਂ ਸਮੇਂ ਅਧਿਆਪਕਾਂ ਤੋਂ ਵਿਦਿਆਰਥੀ ਦੀਆਂ ਹਾਜ਼ਰੀਆਂ ਅਤੇ ਅਨੁਸ਼ਾਸਨ ਬਾਰੇ ਪੁੱਛਗਿੱਛ ਕਰਦੇ ਰਹਿਣ।
9. ਕਿਸੇ ਵੀ ਵਿਦਿਆਰਥੀ ਨੂੰ ਇਹ ਆਗਿਆ ਨਹੀਂ ਹੈ ਕਿ ਉਹ ਬਾਹਰਲੇ ਵਿਅਕਤੀ ਨੂੰ ਆਪਣੇ ਨਾਲ ਕਾਲਜ ਵਿੱਚ ਲੈ ਕੇ ਆਉਣ। ਅਜਿਹੀ ਸੂਰਤ ਵਿੱਚ ਸੰਬੰਧਿਤ ਵਿਦਿਆਰਥੀ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
10. ਕਾਲਜ ਕੈਂਪਸ ਨੂੰ ਸਾਫ ਸੁਥਰਾ ਰੱਖਣਾ ਹਰ ਵਿਦਿਆਰਥੀ ਦੀ ਜ਼ਿੰਮੇਵਾਰੀ ਹੈ।
11. ਕਲਾਸਾਂ ਖਤਮ ਹੋਣ ਉਪਰੰਤ ਕੋਈ ਵੀ ਵਿਦਿਆਰਥੀ ਕਾਲਜ ਕੈਂਪਸ ਵਿੱਚ ਨਹੀਂ ਠਹਿਰੇਗਾ।
12. ਕਾਲਜ ਵਿੱਚ ਵਿਦਿਆਰਥੀ ਆਪਣੀ ਇੱਛਾ ਨਾਲ ਕਿਸੇ ਵੀ ਕਿਸਮ ਦੀ ਪੈਸੇ ਆਦਿ ਦੀ ਉਗਰਾਹੀ ਨਹੀਂ ਕਰੇਗਾ। ਦੇਸ਼ ਅਤੇ ਪ੍ਰਾਂਤ ਤੇ ਬਣੀ ਭੀੜ ਦੀਆਂ ਵਿਸ਼ੇਸ਼ ਹਾਲਤਾਂ ਵਿੱਚ ਪ੍ਰਿੰਸੀਪਲ ਦੀ ਆਗਿਆ ਨਾਲ ਹੀ ਅਜਿਹਾ ਕੀਤਾ ਜਾ ਸਕਦਾ ਹੈ
13. ਕਲਾਸ ਅੰਦਰ ਸੈਲ ਫੋਨ ਦੀ ਵਰਤੋ ਕਰਨ ਅਤੇ ਚਾਰਜ ਕਰਨ ਦੀ ਸਖਤ ਮਨਾਹੀ ਹੈ ਉਲੰਘਣਾ ਕਰਨ ਦੀ ਸੂਰਤ ਵਿੱਚ ਬਣਦੀ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
14. ਬਿਜਲੀ ਨਾਲ ਛੇੜਖਾਨੀ ਕਰਨ ਵਾਲੇ ਵਿਦਿਆਰਥੀ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
15. ਕਾਲਜ ਦੇ ਨਿਯਮ ਭੰਗ ਕਰਨ ਵਾਲੇ ਅਤੇ ਦੁਰਵਿਵਹਾਰ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਕਾਰਵਾਈ ਕਰਨ ਦਾ ਹੱਕ ਕਾਲਜ ਕੋਲ ਹੋਵੇਗਾ।

# ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਫੀਸਾਂ ਅਤੇ ਵਜੀਫੇ ਸੰਬੰਧੀ ਜਰੂਰੀ ਹਦਾਇਤਾਂ

ਸਮੂਹ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਵਿਦਿਆਰਥੀਆਂ ਜਿੰਨ੍ਹਾਂ ਦੇ ਮਾਪਿਆਂ ਦੀ ਆਮਦਨ ਕ੍ਰਮਵਾਰ 2,50,000/- (ਅਨੁਸੂਚਿਤ ਜਾਤੀ) 1,50,000 (ਪੱਛੜੀ ਸ਼੍ਰੇਣੀ) ਸਾਲਾਨਾ ਤੋਂ ਘੱਟ ਹੈ, ਵਿੱਚੋਂ ਅਨੁਸੂਚਿਤ ਜਾਤੀ ਨਾਲ ਸੰਬੰਧਿਤ ਵਿਦਿਆਰਥੀ ਨਾਨ ਰਿਫੰਡੇਬਲ ਫੀਸਾਂ ਨਾ ਭਰਨ ਤੇ ਵਜੀਫੇ ਲਈ ਅਪਲਾਈ ਕਰਨ ਸੰਬੰਧੀ ਮੁਕੰਮਲ ਕਰਨ :-

1. ਆਨਲਾਈਨ ਇੰਟਰਨੈਟ ਦੀ ਵੈਬਸਾਈਟ punjabscholarship.gov.in ਉਤੇ ਅਪਲਾਈ ਕਰਨ ਉਪਰੰਤ ਆਪਣੇ ਸਕਾਲਰਸ਼ਿਪ ਆਈ.ਡੀ. ਦੀ ਕਾਪੀ
2. ਜਾਤੀ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ (ਵਿਦਿਆਰਥੀ ਦੀ)
3. ਆਮਦਨ ਸੰਬੰਧੀ ਸਰਟੀਫਿਕੇਟ 1) ਪੱਕੇ ਸਰਟੀਫਿਕੇਟ (ਜੋ ਤਹਿਸੀਲਦਾਰ ਵੱਲੋਂ ਜਾਰੀ ਕੀਤਾ ਹੋਵੇ)
   2) ਜੇਕਰ ਕਿਸੇ ਵਿਦਿਆਰਥੀ ਦੇ ਮਾਤਾ ਪਿਤਾ ਕਿਸੇ ਸਰਕਾਰੀ ਨੌਕਰੀ ਵਿੱਚ ਹਨ ਤਾਂ ਸੰਬੰਧਿਤ ਵਿਭਾਗ/ਸੰਸਥਾ ਵੱਲੋਂ ਜਾਰੀ ਕੀਤਾ ਗਿਆ ਤਨਖਾਹ ਸਰਟੀਫਿਕੇਟ/ਐਲ.ਪੀ.ਸੀ. ਆਮਦਨ ਸਰਟੀਫਿਕੇਟ ਪਿਤਾ ਜੀ ਦਾ ਹੋਣਾ ਚਾਹੀਦਾ ਹੈ। ਪਿਤਾ ਜੀ ਨਾ ਹੋਣ ਦੀ ਸੂਰਤ ਵਿੱਚ ਹੀ ਮਾਤਾ ਜੀ ਵੱਲੋਂ ਆਮਦਨ ਸਰਟੀਫਿਕੇਟ ਮਨਜੂਰ ਕੀਤਾ ਜਾਵੇਗਾ। ਵਿਦਿਆਰਥੀ ਵੱਲੋਂ ਆਪਣਾ ਬੈਂਕ ਖਾਤਾ (ਸਮੇਤ IFSC ਕੋਡ) ਕੇਵਲ ਆਨਲਾਈਨ ਨੈਸ਼ਨੇਲਾਈਜਡ ਬੈਂਕ ਵਿੱਚ ਹੀ ਖੁਲਵਾ ਕੇ ਆਧਾਰ ਕਾਰਡ ਲਿੰਕ ਕਰਵਾਇਆ ਹੋਵੇ। ਬਿਨ੍ਹਾ ਆਧਾਰ ਕਾਰਡ ਲਿੰਕ ਕੀਤੇ ਖਾਤੇ ਪ੍ਰਵਾਨ ਨਹੀਂ ਕੀਤੇ ਜਾਣਗੇ। ਖਾਤਾ ਕੇਵਲ ਸੰਬੰਧਿਤ ਵਿਦਿਆਰਥੀ ਦੇ ਨਾਂ ਉੱਪਰ ਹੀ ਹੋਣਾ ਚਾਹੀਦਾ ਹੈ।
4. ਪੰਜਾਬ ਦਾ ਪੱਕਾ ਵਾਸੀ ਹੋਣ ਸੰਬੰਧੀ ਨਵਾਂ ਬਣਾਇਆ ਗਿਆ ਰਿਹਾਇਸ਼ੀ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਕਾਪੀ।
5. ਵਿਦਿਆਰਥੀ ਦਾ ਦਸਵੀਂ ਕਲਾਸ ਦੇ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਕਾਪੀ।
6. ਪਿਛਲੀ ਪਾਸ ਕੀਤੀ ਕਲਾਸ ਦੇ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ
7. ਵਿਦਿਆਰਥੀ ਦਾ ਆਧਾਰ ਕਾਰਡ (ਤਸਦੀਕਸ਼ੁਦਾ ਕਾਪੀ)
8. ਵਿਦਿਆਰਥੀ ਵੱਲੋਂ ਦਿੱਤਾ ਜਾਣ ਵਾਲਾ ਹਲਫੀਆ ਬਿਆਨ।
9. ਵਿਦਿਆਰਥੀ ਦੀਆਂ ਦੋ ਪਾਸਪੋਰਟ ਸਾਈਜ ਫੋਟੋਆਂ
10. ਵਿਦਿਆਰਥੀ ਦਾ ਮੋਬਾਇਲ ਨੰਬਰ।

ਨੋਟ: *ਬੈਂਕਾਂ ਦੇ ਮਰਜ ਹੋਣ ਕਾਰਨ ਵਿਦਿਆਰਥੀ ਆਪਣੇ ਬੈਂਕ ਅਕਾਉਂਟ ਦਾ ਨਵਾਂ IFSC ਕੋਡ ਭਰਨਗੇ।

*ਸਕਾਲਰਸ਼ਿਪ ਲਈ ਅਪਲਾਈ ਕਰਨ ਸਮੇਂ ਸਰਕਾਰ ਵੱਲੋਂ ਪੋਰਟਲ ਉਪਰ ਦਰਸਾਏ ਗਏ ਵੇਰਵਿਆਂ ਅਨੁਸਾਰ ਬਣਦਾ ਹਲਫੀਆ ਬਿਆਨ ਦੇਣਾ ਅਤਿ ਜਰੂਰੀ ਹੈ।

*ਵਿਦਿਆਰਥੀ ਦਾਖਲੇ ਸਮੇਂ ਉਪਰੋਕਤ ਸੰਬੰਧਿਤ ਦਸਤਾਵੇਜਾਂ ਦੀ ਫਾਈਲ ਬਣਾ ਕੇ ਵਜੀਫਾ ਕਮੇਟੀ ਨੂੰ ਜਮਾਂ ਕਰਵਾਉਣਗੇ।

## ਟਿਊਟੋਰੀਅਲ ਗਰੁੱਪ ਪ੍ਰਣਾਲੀ

1. ਕਾਲਜ ਦੇ ਹਰ ਵਿਦਿਆਰਥੀ ਨੂੰ ਕਿਸੇ ਇੱਕ ਟਿਊਟੋਰੀਅਲ ਗਰੁੱਪ ਵਿੱਚ ਸ਼ਾਮਿਲ ਕੀਤਾ ਜਾਵੇਗਾ। ਟਿਊਟੋਰੀਅਲ ਗਰੁੱਪ ਵਿੱਚ ਮਹੱਤਵਪੂਰਨ ਅਤੇ ਜ਼ਰੂਰੀ ਜਾਣਕਾਰੀ ਦਿੱਤੀ ਜਾਵੇਗੀ।
2. ਹਰ ਵਿਦਿਆਰਥੀ ਲਈ ਟਿਊਟੋਰੀਅਲ ਪੀਰੀਅਡ ਵਿੱਚ ਹਾਜਰ ਹੋਣਾ ਜਰੂਰੀ ਹੈ। ਗੈਰਹਾਜਰ ਵਿਦਿਆਰਥੀ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।
3. ਕਿਸੇ ਵਿਦਿਆਰਥੀ ਨੂੰ ਗਰੁੱਪ ਬਦਲਣ ਦੀ ਆਗਿਆ ਨਹੀਂ ਹੈ।
4. ਵਿਦਿਆਰਥੀ ਨੂੰ ਚਾਹੀਦਾ ਹੈ ਕਿ ਕਾਲਜ ਵਿੱਚ ਆਪਣੀਆਂ ਗਤੀਵਿਧੀਆਂ ਅਤੇ ਪ੍ਰਾਪਤੀਆਂ ਦੀ ਰਿਪੋਰਟ ਸਮੇਂ ਸਮੇਂ ਸਿਰ ਆਪਣੇ ਟਿਊਟਰ ਦੇ ਰਿਕਾਰਡ ਵਿੱਚ ਦਰਜ ਕਰਵਾ ਦੇਵੇ।
5. ਟਿਊਟੋਰੀਅਲ ਪੀਰੀਅਡ ਹਰ ਮਹੀਨੇ ਦੂਜੇ ਅਤੇ ਚੌਥੇ ਵੀਰਵਾਰ ਚੌਥੇ ਪੀਰੀਅਡ ਤੋਂ ਬਾਅਦ ਲੱਗਦਾ ਹੈ।

## ਅੰਦਰੂਨੀ ਮੁਲਾਂਕਣ (Internal Assessment)

ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਅੰਦਰੂਨੀ ਮੁਲਾਂਕਣ (Internal Assessment) ਦੇ ਨੰਬਰ ਕਲਾਸਾਂ ਵਿੱਚ ਹਾਜਰੀ ਮਿਡ ਸਮੈਸਟਰ ਅਤੇ ਕਲਾਸ ਟੈਸਟ, ਅਸਾਇਨਮੈਂਟ ਆਦਿ ਦੇ ਆਧਾਰ ਤੇ ਵਿਸ਼ਾ ਇੰਚਾਰਜ ਵੱਲੋਂ ਲਗਾਏ ਜਾਂਦੇ ਹਨ, ਜੋ ਯੂਨੀਵਰਸਿਟੀ ਰਿਜਲਟ ਵਿੱਚ ਜੋੜੇ ਜਾਂਦੇ ਹਨ।
ਅੰਦਰੂਨੀ ਮੁਲਾਂਕਣ (Internal Assessment) ਵਿੱਚ 35% ਨੰਬਰ ਲੈਣੇ ਲਾਜ਼ਮੀ ਹਨ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਯੂਨੀਵਰਸਿਟੀ ਵੱਲੋਂ ਵਿਦਿਆਰਥੀ ਦਾ ਨਤੀਜਾ ਘੋਸ਼ਿਤ ਨਹੀਂ ਕੀਤਾ ਜਾਂਦਾ।

## ਸ਼ਨਾਖਤੀ ਕਾਰਡ

1. ਕਾਲਜ ਵਿੱਚ ਦਾਖਲਾ ਹੋਣ ਪਿੱਛੋਂ ਹਰ ਵਿਦਿਆਰਥੀ, ਕਾਲਜ ਲਾਇਬਰੇਰੀ ਵਿੱਚੋਂ ਸ਼ਨਾਖਤੀ ਕਾਰਡ ਪ੍ਰਾਪਤ ਕਰੇਗਾ।
2. ਹਰ ਵਿਦਿਆਰਥੀ ਸ਼ਨਾਖਤੀ ਕਾਰਡ ਨੂੰ ਹਮੇਸ਼ਾ ਆਪਣੇ ਕੋਲ ਰਖੇਗਾ ਅਤੇ ਕਾਲਜ ਦੇ ਕਿਸੇ ਵੀ ਅਧਿਕਾਰੀ ਦੀ ਮੰਗ ਤੇ ਉਸਨੂੰ ਕਾਰਡ ਵਿਖਾਉਣਾ ਪਵੇਗਾ।
3. ਜਿਸ ਵਿਦਿਆਰਥੀ ਪਾਸ ਇਹ ਕਾਰਡ ਨਹੀਂ ਹੋਵੇਗਾ ਉਸ ਵਿਰੁੱਧ ਸਖਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
4. ਜੇ ਕਿਸੇ ਵਿਦਿਆਰਥੀ ਪਾਸੋਂ ਇਹ ਕਾਰਡ ਗੁੰਮ ਹੋ ਜਾਵੇ ਤਾਂ ਇਸ ਦੀ ਸੂਚਨਾ ਤੁਰੰਤ ਲਾਇਬ੍ਰੇਰੀਅਨ ਨੂੰ ਕਰ ਦਿੱਤੀ ਜਾਵੇ ਅਤੇ ਸੰਬੰਧਿਤ ਥਾਣੇ ਵਿੱਚ ਉਸਦੀ ਰਿਪੋਰਟ ਦਰਜ ਕਰਵਾਈ ਜਾਵੇ।
5. ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ 10/- ਰੁਪਏ ਜਮਾਂ ਕਰਵਾਕੇ ਡੁਪਲੀਕੇਟ ਕਾਰਡ ਬਣਾਇਆ ਜਾ ਸਕਦਾ ਹੈ।

## ਐਲੂਮਨੀ

ਸਰਕਾਰੀ ਕਾਲਜ ਜ਼ੀਰਾ ਤੋਂ ਵਿੱਦਿਆ ਪ੍ਰਾਪਤ ਕਰ ਚੁੱਕੇ ਵਿਦਿਆਰਥੀਆਂ ਦੀ ਅਲੂਮਨੀ ਬਣਾਈ ਗਈ ਹੈ। ਜਿਸ ਵਿੱਚ ਸਰਕਾਰੀ ਕਾਲਜ ਜ਼ੀਰਾ ਦੇ ਪੁਰਾਣੇ 150 ਦੇ ਕਰੀਬ ਵਿਦਿਆਰਥੀ ਸ਼ਾਮਿਲ ਹਨ। ਹੁਣ ਵੀ ਲਗਾਤਾਰ ਪੁਰਾਣੇ ਵਿਦਿਆਰਥੀ ਇਸ ਸੰਸਥਾ ਨਾਲ ਜੁੜ ਰਹੇ ਹਨ। ਇਸ ਸੰਸਥਾ ਦਾ ਮੁੱਖ ਮਕਸਦ ਕਾਲਜ ਦੀ ਭਲਾਈ ਲਈ ਮਿਲਕੇ ਉੱਦਮ ਕਰਨਾ ਹੈ।

# ਫੁਟਕਲ ਜਾਣਕਾਰੀ

1. ਮੈਗਜ਼ੀਨ ਖਲਿਆਣ :-

ਖਲਿਆਣ ਕਾਲਜ ਦਾ ਸਾਲਾਨਾ ਮੈਗਜ਼ੀਨ ਹੈ। ਇਸ ਵਿੱਚ ਵਿਦਿਆਰਥੀ ਅਤੇ ਅਧਿਆਪਕ ਆਪਣੀਆਂ ਸਾਹਿਤਿਕ ਰਚਨਾਵਾਂ ਦਿੰਦੇ ਹਨ। ਇਸ ਵਿੱਚ ਪੰਜਾਬੀ, ਹਿੰਦੀ ਅਤੇ ਅੰਗਰੇਜੀ ਭਾਸ਼ਾਵਾਂ ਵਿੱਚ ਰਚਨਾਵਾਂ ਛਪਦੀਆਂ ਹਨ। ਇਸ ਮੈਗਜ਼ੀਨ ਦੇ ਸੈਕਸ਼ਨ ਵੱਖ ਵੱਖ ਵਿਭਾਗਾਂ ਦੀ ਨੁਮਾਇੰਦਗੀ ਕਰਦੇ ਹਨ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਆਪਣਿਆਂ ਰਚਨਾਵਾਂ ਸੰਬੰਧਿਤ ਐਡੀਟਰ ਨੂੰ ਸਮੇਂ ਸਿਰ ਕਾਲਜ ਮੈਗਜ਼ੀਨ ਵਿੱਚ ਛਾਪਣ ਲਈ ਦੇਣ।

2. ਮਲਟੀਪਰਪਜ ਹਾਲ :- ਕਾਲਜ ਵਿੱਚ 150 ਸੀਟਾਂ ਦੀ ਸਮੱਰਥਾ ਵਾਲਾ ਮਲਟੀਪਰਪਜ ਹਾਲ ਹੈ।

3. ਕਾਲਜ ਸਾਈਕਲ ਸਟੈਂਡ :- ਕਾਲਜ ਵਿੱਚ ਆਉਣ ਵਾਲੇ ਜੋ ਵਿਦਿਆਰਥੀ ਸਾਈਕਲ/ਸਕੂਟਰ/ਮੋਟਰਸਾਈਕਲ ਲੈ ਕੇ ਆਉਂਦੇ ਹਨ, ਉਹਨਾਂ ਲਈ ਸਾਈਕਲ ਸਟੈਂਡ ਦਾ ਵੀ ਪ੍ਰਬੰਧ ਹੈ।

4. ਬੱਸ ਪਾਸ:- ਪੰਜਾਬ ਸਰਕਾਰ ਵੱਲੋਂ ਰਿਆਇਤੀ ਦਰਾਂ ਤੇ ਵਿਦਿਆਰਥੀਆਂ ਨੂੰ ਬੱਸ ਪਾਸ ਦੀ ਸਹੂਲਤ ਦਿੱਤੀ ਜਾਂਦੀ ਹੈ। ਇਸ ਲਈ ਨਿਰਧਾਰਿਤ ਪ੍ਰੋਫਾਰਮਾ ਕਾਲਜ ਦਫਤਰ ਵਿੱਚੋਂ ਪ੍ਰਾਪਤ ਕਰਕੇ ਭਰਨ ਉਪਰੰਤ ਦਫਤਰ ਵਿੱਚ ਜਮਾਂ ਕਰਵਾਉਣਾ ਪਵੇਗਾ ਅਤੇ ਸੰਬੰਧਿਤ ਇੰਚਾਰਜ ਦੇ ਹਸਤਾਖਰਾਂ ਉਪਰੰਤ ਰੋਡਵੇਜ ਡਿਪੂ ਤੋਂ ਬੱਸ ਪਾਸ ਜਾਰੀ ਕੀਤਾ ਜਾਵੇਗਾ।

5. ਵੋਟਰ ਕਾਰਡ ਸਹੂਲਤ :- ਕਾਲਜ ਦੇ ਉਹ ਵਿਦਿਆਰਥੀ ਜਿੰਨ੍ਹਾਂ ਦੀ ਉਮਰ 18 ਸਾਲ ਤੋਂ ਉੱਪਰ ਹੈ ਉਹਨਾਂ ਦੇ ਵੋਟਰ ਕਾਰਡ ਕਾਲਜ ਵੱਲੋਂ ਅਪਲਾਈ ਕਰਨ ਦੀ ਸਹੂਲਤ ਹੈ।













Dhamija Press Zira-98559-88800